weeklypoetry.com

Exam. : 1085
Subject

B.Com. 2nd Semester

PUNJABI COMPULSORY

Paper—BCG-202(i)

Time Allowed—Three Hours] [Maximum Marks—50

1. 'ਭੂਆ' ਕਹਾਣੀ ਦਾ ਵਿਸ਼ਾ-ਵਸਤੂ ਲਿਖੋ।

ਜਾਂ

'ਧਰਤੀ ਹੇਠਲਾ ਬੌਲਦ' ਕਹਾਣੀ ਦਾ ਸਾਰ ਲਿਖੋ। 10

2. 'ਪੰਜਾਬ ਦੇ ਮਹਾਨ ਕਲਾਕਾਰ' ਪੁਸਤਕ ਵਿੱਚ ਦਰਜ ਸਤੀਸ਼ ਗੁਜਰਾਲ ਦੇ ਰੇਖਾ ਚਿਤਰ ਦੇ ਆਧਾਰ 'ਤੇ ਉਸ ਦੇ ਕਲਾਤਮਕ ਗੁਣ ਬਿਆਨ ਕਰੋ।

ਜਾਂ

'ਪੰਜਾਬ ਦੇ ਮਹਾਨ ਕਲਾਕਾਰ' ਪੁਸਤਕ ਵਿੱਚ ਸੁਰਿੰਦਰ ਕੌਰ ਦੇ ਨਾਇਕ ਬਿੰਬ ਦੀ ਉਸਾਰੀ ਕਿਵੇਂ ਹੋਈ ਹੈ? 10

3. ਪੰਜਾਬੀ ਸ਼ਬਦ-ਬਣਤਰ ਅਤੇ ਸ਼ਬਦ-ਰਚਨਾ ਬਾਰੇ ਵਿਸਥਾਰ ਸਹਿਤ ਲਿਖੋ। 10

4. ਨਿਮਨਲਿਖਤ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ ਪੈਰਾ ਲਿਖੋ :

ਅਜੋਕੀ ਵਿੱਦਿਆ ਪ੍ਰਣਾਲੀ

ਜੀਵਨ ਵਿੱਚ ਅਨੁਸ਼ਾਸਨ ਦਾ ਮਹੱਤਵ

(ੲ) ਪ੍ਰਦੂਸ਼ਣ।



weeklypoetry.com

5. ਹੇਠ ਲਿਖਿਆ ਪੈਰਾ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

ਮੁੰਦਰੀ ਨਾਲ ਮਨੁੱਖ ਦੇ ਕਈ ਵਿਸ਼ਵਾਸ ਤੇ ਵਹਿਮ ਭਰਮ ਜੁੜੇ ਹੋਏ ਹਨ। ਗ੍ਰਹਿਆਂ ਦੇ ਬੁਰੇ ਪ੍ਰਭਾਵਾਂ ਤੋਂ ਬਚਣ ਲਈ, ਧਨ ਪ੍ਰਾਪਤੀ ਲਈ, ਭਵਿੱਖ ਦੀਆਂ ਮੁਸ਼ਕਲਾਂ ਤੋਂ ਨਿਜਾਤ ਪਾਉਣ ਲਈ ਸੋਨੇ, ਚਾਂਦੀ ਅਤੇ ਤਾਂਬੇ ਦੀਆਂ ਧਾਤਾਂ, ਵਿੱਚ ਨੀਲਮ, ਪੁਖਰਾਜ ਅਤੇ ਮੂੰਗਾ ਆਦਿ ਪੱਥਰ ਜੜ ਕੇ ਪਹਿਨੇ ਜਾਂਦੇ ਹਨ। ਹੱਥਾਂ ਤੋਂ ਬਿਨਾ ਪੈਰਾਂ ਦੀਆਂ ਉਂਗਲਾਂ ਵਿੱਚ ਪਹਿਨੇ ਜਾਂਦੇ ਛੱਲਿਆਂ ਨੂੰ ਬਿਛੂਏ ਅਤੇ ਗੂਠੜੇ ਕਿਹਾ ਜਾਂਦਾ ਹੈ। ਇਹ ਵਿਆਹ ਤੋਂ ਬਾਅਦ ਪਹਿਨੇ ਜਾਣ ਦੀ ਪ੍ਰਥਾ ਹੈ। ਇੱਕ ਲੋਕ ਵਿਸ਼ਵਾਸ ਅਨੁਸਾਰ ਪੈਰਾਂ ਵਿੱਚ ਬਿਛੂਏ ਪਹਿਨਣ ਨਾਲ ਸੱਪ ਜਾਂ ਅਠੂੰਆਂ ਪੈਰਾਂ ਦੇ ਨੇੜੇ ਨਹੀਂ ਆਉਂਦਾ। ਬਿਛੂਏ ਜ਼ਿਆਦਾਤਰ ਚਾਂਦੀ ਦੇ ਬਣੇ ਹੁੰਦੇ ਹਨ ਕਿਉਂਕਿ ਸੋਨੇ ਨੂੰ ਪਵਿੱਤਰ ਧਾਤ ਮੰਨਿਆ ਜਾਂਦਾ ਹੈ ਤੇ ਇਸ ਨੂੰ ਪੈਰਾਂ ਵਿੱਚ ਪਹਿਨਣ ਤੋਂ ਗੁਰੇਜ਼ ਕੀਤਾ ਜਾਂਦਾ ਹੈ।

(ੳ) ਮੁੰਦਰੀ ਨਾਲ ਕਿਸ ਕਿਸਮ ਦੇ ਵਿਸ਼ਵਾਸ ਅਤੇ ਵਹਿਮ ਭਰਮ ਜੁੜੇ ਹਨ ?

(ਅ) ਪੈਰਾਂ ਦੀਆਂ ਉਂਗਲਾਂ ਵਿੱਚ ਪਹਿਨੇ ਜਾਣ ਵਾਲੇ ਛੱਲਿਆਂ ਨੂੰ ਕੀ ਕਿਹਾ ਜਾਂਦਾ ਹੈ ?

(ੲ) ਬਿਛੂਏ ਪਹਿਨਣ ਨਾਲ ਕਿਹੜਾ ਲੋਕ ਵਿਸ਼ਵਾਸ ਜੁੜਿਆ ਹੈ ?

(ਸ) ਸੋਨੇ ਦੇ ਬਿਛੂਏ ਪੈਰਾਂ ਵਿੱਚ ਕਿਉਂ ਨਹੀਂ ਪਹਿਨੇ ਜਾਂਦੇ ?

(ਹ) ਉਪਰੋਕਤ ਪੈਰੇ ਨੂੰ ਢੁਕਵਾਂ ਸਿਰਲੇਖ ਦਿਓ। 5

6. (ੳ) ਹੇਠ ਲਿਖੇ ਅਖਾਣਾਂ ਵਿੱਚੋਂ ਪੰਜ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਇਹਨਾਂ ਦੇ ਅਰਥ ਸਪੱਸ਼ਟ ਹੋ ਜਾਣ :

ਹੋਛੇ ਜੱਟ ਕਟੋਰਾ ਲੱਭਾ ਪਾਣੀ ਪੀ ਪੀ ਆਫਰਿਆ, ਕਲਾ ਕਲੰਦਰ ਵੱਸੇ ਤੇ ਘੜਿਓਂ ਪਾਣੀ ਨੱਸੇ, ਕੋਈ ਮਰੇ ਕੋਈ ਜੀਵੇ ਸੁਥਰਾ ਘੋਲ ਪਤਾਸੇ ਪੀਵੇ, ਘੜੇ ਨੂੰ ਹੱਥ ਲਾਇਆ ਸਾਰਾ ਟੱਬਰ



weeklypoetry.com

ਤਿਹਾਇਆ, ਘਰ ਦੀ ਮੁਰਗੀ ਦਾਲ ਬਰਾਬਰ, ਚਿੜੀਆਂ ਦੀ ਮੌਤ ਤੇ ਗਵਾਰਾਂ ਦਾ ਹਾਸਾ, ਜੋ ਸੁਖ ਛੱਜੂ ਦੇ ਚੁਬਾਰੇ ਨਾ ਬਲਖ਼ ਨਾ ਬੁਖ਼ਾਰੇ, ਜਿੱਧਰ ਗਈਆਂ ਬੇੜੀਆਂ ਉੱਧਰ ਗਏ ਮਲਾਹ

(ਅ) ਹੇਠ ਲਿਖੇ ਮੁਹਾਵਰਿਆਂ ਵਿੱਚੋਂ ਪੰਜ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਇਹਨਾਂ ਦੇ ਅਰਥ ਸਪੱਸ਼ਟ ਹੋ ਜਾਣ :

ਘਿਓ-ਖਿਚੜੀ ਹੋਣਾ, ਚਾਂਦੀ ਦੀ ਜੁੱਤੀ ਮਾਰਨਾ, ਜ਼ਖਮਾਂ 'ਤੇ ਲੂਣ ਛਿੜਕਣਾ, ਟਕੇ ਵਰਗਾ ਜਵਾਬ ਦੇਣਾ, ਦਿਨ ਰਾਤ ਇੱਕ ਕਰਨਾ, ਪੱਟੀ ਪੜ੍ਹਾਉਣੀ, ਬੀੜਾ ਚੁੱਕਣਾ, ਭੰਗ ਭੁੱਜਣੀ 5+5=10



weeklypoetry.com